9122024-Ferozpur-07.qxd 12/8/2024 10:08 PM Page 1

ਚੌਕ ਊਧਮ ਸਿੰਘ ਵਿਖੇ ਸ਼੍ਰੋਮਣੀ ਸ਼ਹੀਦ ਊਧਮ ਸਿੰਘ ਦਾ ਆਦਮਕੱਦ ਬੁੱਤ ਲੋਕ ਅਰਪਿਤ ਅਤੇ ਸ਼ਹੀਦ ਨੂੰ ਸਿਜਦਾ ਕਰਨ ਪਹੁੰਚੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਵਿਧਾਇਕ ਫ਼ਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਅਤੇ ਵਿਧਾਇਕ ਗੁਰੂਹਰਸਹਾਏ ਫ਼ੌਜਾਂ ਸਿੰਘ ਸਰਾਰੀ, ਵਿਧਾਇਕ ਜਲਾਲਾਬਾਦ ਜਗਦੀਪ ਕੰਬੋਜ ਗੋਲਡੀ ਅਤੇ ਸੰਤ ਸਮਾਜ ਦੇ ਆਗੂ। ਤਸਵੀਰਾਂ-ਕੁਲਬੀਰ ਸਿੰਘ ਸੋਢੀ

ਸੰਤ-ਮਹਾਂਪੁਰਸ਼ਾਂ ਵਲੋਂ ਸ਼ਹੀਦ ਊਧਮ ਸਿੰਘ ਦਾ ਆਦਮਕੱਦ ਬੁੱਤ ਲੋਕ ਅਰਪਿਤ

ਫ਼ਿਰੋਜ਼ਪੁਰ, 8 ਦਸੰਬਰ (ਕੁਲਬੀਰ ਸਿੰਘ ਸੋਢੀ)- ਫ਼ਿਰੋਜ਼ਪੁਰ ਸ਼ਹਿਰ ਦੇ ਮੁੱਖ ਚੌਕ ਸ਼ਹੀਦ ਊਧਮ ਸਿੰਘ ਚੌਕ ਵਿਖੇ ਸਥਾਪਿਤ ਸ਼ਹੀਦ ਊਧਮ ਸਿੰਘ ਦੇ ਆਦਮਕੱਦ ਬੁੱਤ ਨੂੰ ਨਵੀਨੀਕਰਨ ਉਪਰੰਤ ਸਾਰੇ ਧਰਮਾਂ ਦੇ ਸੰਤ ਮਹਾਂਪੁਰਸ਼ਾਂ ਵਲੋਂ ਅਰਦਾਸ ਕਰਨ ਪਿੱਛੋਂ ਲੋਕ ਅਰਪਿਤ ਕਰ ਦਿੱਤਾ ਗਿਆ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਮਹਾਨ ਸ਼ਹੀਦ ਨੂੰ ਸਮਰਪਿਤ ਸੱਭਿਆਚਾਰਕ ਪ੍ਰੋਗਰਾਮ ਵਿਚ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਅਤੇ ਵਿਧਾਇਕ ਗੁਰੂਹਰਸਹਾਏ ਫ਼ੌਜਾਂ ਸਿੰਘ ਸਰਾਰੀ, ਵਿਧਾਇਕ ਜਲਾਲਾਬਾਦ ਜਗਦੀਪ ਸਿੰਘ ਗੋਲਡੀ ਕੰਬੋਜ, ਸ਼ਮਿੰਦਰ ਸਿੰਘ ਖਿੰਡਾ ਚੇਅਰਮੈਨ ਪੰਜਾਬ ਐਗਰੋ, ਜ਼ਿਲ੍ਹਾ ਪ੍ਰਧਾਨ ਮਲਕੀਤ ਸਿੰਘ ਥਿੰਦ ਅਤੇ ਅਨੁਮੀਤ ਸਿੰਘ ਹੀਰਾ ਸੋਢੀ, ਸਾਬਕਾ ਵਿਧਾਇਕ ਪਰਮਿੰਦਰ ਸਿੰਘ ਪਿੰਕੀ, ਸੀਨੀਅਰ ਕਾਂਗਰਸੀ ਆਗੂ ਆਸ਼ੂ ਬੰਗੜ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਸ਼ਹੀਦ ਊਧਮ ਸਿੰਘ ਨੂੰ ਨਮਨ ਕੀਤਾ। ਦੇਸ਼ ਦੇ ਮਹਾਨ ਸ਼ਹੀਦ ਊਧਮ ਸਿੰਘ (ਰਾਮ ਮੁਹੰਮਦ ਸਿੰਘ ਆਜ਼ਾਦ) ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਖੁਸ਼ੀ ਵਾਲੀ ਗੱਲ ਹੈ ਕਿ ਸ਼ਹੀਦ ਊਧਮ ਸਿੰਘ ਚੌਕ ਨੂੰ ਨਵੀਂ ਦਿੱਖ ਦੇ ਕੇ ਅੱਜ ਨਵਾਂ ਆਦਮਕੱਦ ਬੁੱਤ ਵੱਖ-ਵੱਖ ਧਾਰਮਿਕ ਸੰਸਥਾਵਾਂ ਦੀਆਂ ਸਤਿਕਾਰਤ ਸ਼ਖ਼ਸੀਅਤਾਂ ਵਲੋਂ ਜਨਤਾ ਦੇ ਸਪੁਰਦ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਊਧਮ ਸਿੰਘ ਦੇ ਬੁੱਤ ਦਾ ਨਵੀਨੀਕਰਨ ਕਰ ਕੇ ਸ਼ਹੀਦ ਊਧਮ ਸਿੰਘ ਯਾਦਗਾਰ ਕਮੇਟੀ ਵਲੋਂ ਬੜਾ ਹੀ ਸ਼ਲਾਘਾਯੋਗ ਕੰਮ ਕੀਤਾ ਗਿਆ ਹੈ। ਸੰਧਵਾਂ ਨੇ ਕਿਹਾ ਕਿ ਦੇਸ਼ ਦੇ ਮਹਾਨ ਸ਼ਹੀਦਾਂ ਨੂੰ ਹਮੇਸ਼ਾ ਦਿਲਾਂ ' ਚ ਰੱਖ ਕੇ ਅਤੇ ਉਨ੍ਹਾਂ ਦੇ ਦਿਖਾਏ ਦੇਸ਼ ਭਗਤੀ ਦੇ ਮਾਰਗ 'ਤੇ ਚੱਲ ਕੇ ਹੀ ਭਾਰਤ ਵਰਗੇ ਮਹਾਨ ਰਾਸ਼ਟਰ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਇਸ ਮੌਕੇ ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸ਼ਹੀਦ ਊਧਮ ਸਿੰਘ ਯਾਦਗਾਰ ਕਮੇਟੀ ਲਈ 5 ਲੱਖ ਰੁਪਏ ਦੀ ਰਾਸ਼ੀ ਦਾ ਐਲਾਨ ਵੀ ਕੀਤਾ। ਮਹਾਨ ਸ਼ਹੀਦ ਊਧਮ ਸਿੰਘ ਦੇ ਆਦਮਕੱਦ ਬੁੱਤ ਨੂੰ ਲੋਕ ਅਰਪਿਤ ਕਰਨ ਪਿੱਛੋਂ ਸੋਸਾਇਟੀ ਵਲੋਂ ਸੱਭਿਆਚਾਰਕ ਸਮਾਗਮ ਕਰਵਾਇਆ ਗਿਆ, ਜਿਸ ਵਿਚ ਮਸ਼ਹੂਰ ਗਾਇਕ ਰਵਿੰਦਰ ਗਰੇਵਾਲ ਅਤੇ ਪੰਮਾ ਡੂਮੇਵਾਲ ਵਲੋਂ ਸ਼ਹੀਦ ਊਧਮ ਸਿੰਘ ਅਤੇ ਦੇਸ਼ ਭਗਤੀ ਨੂੰ ਸਮਰਪਿਤ ਗੀਤਾਂ ਨਾਲ ਸਮਾਂ ਬੰਨ੍ਹਿਆ ਗਿਆ। ਇਸ ਮੌਕੇ ਸ਼ਹੀਦ ਊਧਮ ਸਿੰਘ ਯਾਦਗਾਰ ਕਮੇਟੀ ਦੇ ਪ੍ਰਧਾਨ ਭਗਵਾਨ ਸਿੰਘ ਸਾਮਾ ਤੋਂ ਇਲਾਵਾ ਅਮਰੀਕ ਸਿੰਘ ਸਾਮਾ ਡੀ.ਪੀ.ਆਰ.ਓ., ਹਰਚਰਨ ਸਿੰਘ ਸਾਮਾ, ਅਨਿਲ ਸ਼ਰਮਾ, ਜੋਗਿੰਦਰ ਸਿੰਘ ਮਾਣਕ, ਪਰਮਜੀਤ ਸਿੰਘ ਬਾਵਾ, ਵਿਜੈ ਬਾਵਾ, ਦਵਿੰਦਰ ਬਾਵਾ, ਸੰਦੀਪ ਟੰਡਨ, ਅਸ਼ੋਕ ਭਾਰਦਵਾਜ, ਨੀਰਜ ਯਾਦਵ, ਨਵੀਨ ਸੈਮ, ਵਰਿੰਦਰਪਾਲ ਸਿੰਘ, ਹਰਜੀਤ ਸਿੰਘ, ਜਸਪਾਲ ਹਾਂਡਾ, ਜਸਬੀਰ ਸਿੰਘ ਜੋਸਨ, ਗੁਰਦੀਪ ਸਿੰਘ ਭਗਤ, ਪਰਮਿੰਦਰ ਹਾਂਡਾ, ਬਲਵਿੰਦਰ ਸਿੰਘ ਬਿੰਦੂ ਜੋਸਨ ਸਰਪੰਚ, ਦਵਿੰਦਰ ਕਮੱਗਰ, ਬਲਿਹਾਰ ਸਿੰਘ ਸਾਬਕਾ ਐਮ.ਸੀ., ਰਾਣਾ ਦੁਲਚੀ ਕੇ, ਮਨਿੰਦਰ ਹਾਂਡਾ, ਅਮਰੀਕ ਸਿੰਘ ਹੀਰੋ ਪ੍ਰਧਾਨ ਬੀਸੀ ਸੈੱਲ ਆਮ ਆਦਮੀ ਪਾਰਟੀ, ਸੁਖਚੈਨ ਸਿੰਘ ਖਾਈ, ਪਰਮਿੰਦਰ ਖੁੱਲਰ, ਮਨਮੀਤ ਸਿੰਘ ਮਿੱਠੂ ਐਮ.ਸੀ., ਅਵਤਾਰ ਸਿੰਘ ਕੰਬੋਜ ਨਗਰ, ਅਵਤਾਰ ਸਿੰਘ ਦੁਲਚੀ ਕੇ, ਲਖਵਿੰਦਰ ਲੱਖਾ, ਸੁਖਵਿੰਦਰ ਸਿੰਘ ਥਿੰਦ ਮਾਡਰਨ ਪਲਾਜ਼ਾ, ਸੁੱਚਾ ਸਿੰਘ ਟਿੱਬੀ, ਕਸ਼ਮੀਰ ਸਿੰਘ ਢੇਰੂ, ਬਲਵਿੰਦਰ ਸਿੰਘ ਬਜੀਦਪੁਰ, ਰਾਮ ਪ੍ਰਸ਼ਾਦ, ਨਰਿੰਦਰ ਸ਼ਰਮਾ, ਕੌਰ ਸਿੰਘ ਤੋਂ ਇਲਾਵਾ ਵੱਡੀ ਤਾਦਾਦ ਵਿਚ ਲੋਕ ਹਾਜ਼ਰ ਸਨ।

ਉਦਘਾਟਨੀ ਸਮਾਗਮ ਦੌਰਾਨ ਸਪੀਕਰ ਸੰਧਵਾਂ ਨੇ ਵਿਧਾਇਕਾਂ ਸਮੇਤ ਕੀਤੀ ਸ਼ਿਰਕਤ

ਸ਼ਰਾਬ ਪਿਆਉਣ ਵਾਲੇ ਢਾਬੇ ਅਤੇ ਪੂਲ ਬਣ ਰਹੇ ਖ਼ੂਨ-ਖ਼ਰਾਬੇ ਦਾ ਕਾਰਨ

ਹਥਿਆਰਬੰਦ ਨੌਜਵਾਨ ਕਰਦੇ ਗੁੰਡਾਗਰਦੀ ਦਾ ਨੰਗਾ ਨਾਚ

ਫ਼ਾਜ਼ਿਲਕਾ, 8 ਦਸੰਬਰ (ਦਵਿੰਦਰ ਪਾਲ ਸਿੰਘ)-ਫ਼ਾਜ਼ਿਲਕਾ ਸ਼ਹਿਰ ਅੰਦਰ ਸ਼ਰਾਬ ਪਿਆਉਣ ਲਈ ਖੁੱਲ੍ਹੇ ਢਾਬੇ ਅਤੇ ਪੂਲ ਲੜਾਈ ਦੇ ਅੱਡੇ ਬਣੇ ਹੋਏ ਹਨ। ਪਿਛਲੇ ਸਮੇਂ ਤੋਂ ਫ਼ਾਜ਼ਿਲਕਾ ਅੰਦਰ ਸ਼ਰਾਬ ਪਿਆਉਣ ਵਾਲੇ ਢਾਬਿਆਂ 'ਤੇ ਸ਼ਾਮ ਨੂੰ ਮਨਚਲੇ ਨੌਜਵਾਨਾਂ ਦੀਆਂ ਟੋਲੀਆਂ ਇਕੱਠੀਆਂ ਹੋ ਜਾਂਦੀਆਂ ਹਨ। ਹਫ਼ਤਾ ਵੀ ਨਹੀਂ ਪੈਂਦਾ ਕਿ ਫ਼ਾਜ਼ਿਲਕਾ ਸ਼ਹਿਰ ਦੇ ਕਿਸੇ ਵੀ ਮੁਹੱਲੇ ਅੰਦਰ ਮਾਰੂ ਹਥਿਆਰਾਂ ਨਾਲ ਲੈਸ ਨੌਜਵਾਨਾਂ ਵਿਚਾਲੇ ਝਗੜੇ ਹੋ ਰਹੇ ਹਨ। ਬੀਤੀ ਰਾਤ ਵੀ ਅਮਰ ਹੋਟਲ ਵਾਲੀ ਸੜਕ 'ਤੇ ਐਸ.ਡੀ.ਐਮ. ਕੋਰਟ ਦੇ ਸਾਹਮਣੇ ਬਣੇ ਇਕ ਢਾਬੇ ਅੰਦਰ ਇਕ ਨੌਜਵਾਨ ਨੂੰ ਦਰਜਨਾਂ ਹਥਿਆਰਬੰਦ ਨੌਜਵਾਨਾਂ ਨੇ ਮਾਰਕੁੱਟ ਕੇ ਜ਼ਖ਼ਮੀ ਕਰ ਦਿੱਤਾ। ਜੋ ਸਿਵਲ ਹਸਪਤਾਲ ਫ਼ਾਜ਼ਿਲਕਾ ਵਿਖੇ ਜੇਰੇ ਇਲਾਜ ਹੈ। ਸਿਵਲ ਹਸਪਤਾਲ ਵਿਚ ਜੇਰੇ ਇਲਾਜ ਗਗਨਦੀਪ ਸਿੰਘ ਨੇ ਦੱਸਿਆ ਕਿ ਉਹ ਢਾਬੇ 'ਤੇ ਜਾ ਕੇ ਹਾਲੇ ਬੈਠਾ ਹੀ ਸੀ, ਕਿ ਇਤਨੇ ਨੂੰ ਕੁੱਝ ਨੌਜਵਾਨ ਉੱਥੇ ਡਾਂਗਾਂ, ਬੇਸਬਾਲਾਂ ਨਾਲ ਲੈਸ ਹੋ ਕੇ ਆ ਪਹੁੰਚੇ।

ਜਿੱਥੇ ਉਨ੍ਹਾਂ ਨੇ ਖ਼ਾਲੀ ਬੋਤਲਾਂ ਅਤੇ ਡਾਂਗਾਂ ਨਾਲ ਉਸ ਦੀ ਮਾਰਕੁੱਟ ਕਰਕੇ ਜ਼ਖ਼ਮੀ ਕਰ ਦਿੱਤਾ। ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਇਸੇ ਤਰ੍ਹਾਂ ਕੁੱਝ ਦਿਨ ਪਹਿਲਾਂ ਪੁਰਾਣੀ ਅਬੋਹਰੀ ਰੋਡ ਨੇੜੇ ਖੁੱਲ੍ਹੇ ਇਕ ਪੂਲ 'ਤੇ ਵੀ ਭਾਰੀ ਖ਼ੂਨ ਖ਼ਰਾਬਾ ਹੋਇਆ ਸੀ। ਇਸ ਤਰ੍ਹਾਂ ਮਾੜੇ ਅਨਸਰਾਂ ਦੇ ਵਧਦੇ ਹੌਂਸਲਿਆਂ ਦੀ ਸ਼ਹਿਰ ਵਾਸੀਆਂ ਨੇ ਭਾਰੀ ਨਿੰਦਾ ਕੀਤੀ ਹੈ।

ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਜੇਕਰ ਦਿਨ ਵਿਚ ਫੋਰਸ ਸ਼ਹਿਰ ਵਿਚ ਨਹੀਂ ਲੱਗ ਸਕਦੀ ਤਾਂ ਸ਼ਾਮ ਨੂੰ ਤਾਂ ਪੁਲਿਸ ਦੇ ਨਾਕੇ ਸੁਰੱਖਿਆ ਵਜੋਂ ਜਰੂਰ ਲੱਗਣੇ ਚਾਹੀਦੇ ਹਨ। ਪ੍ਰਸ਼ਾਸਨ ਨੂੰ ਤੁਰੰਤ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

ਹਸਪਤਾਲ 'ਚ ਜੇਰੇ ਇਲਾਜ ਨੌਜਵਾਨ। ਅਜੀਤ ਤਸਵੀਰ

ਹੈਰੋਇਨ ਪੀਂਦਾ ਵਿਅਕਤੀ ਕਾਬੂ

ਮਮਦੋਟ, 8 ਦਸੰਬਰ (ਸੁਖਦੇਵ ਸਿੰਘ ਸੰਗਮ)-ਥਾਣਾ ਲੱਖੋਂ ਕਿ ਬਹਿਰਾਮ ਪੁਲਿਸ ਨੇ ਇਕ ਵਿਅਕਤੀ ਨੂੰ ਹੈਰੋਇਨ ਪੀਂਦਿਆਂ ਕਾਬੂ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਗੁਰਕਵਲਜੀਤ ਕੌਰ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਜਦੋਂ ਪਿੰਡ ਗੁੱਦੜ ਢੰਡੀ ਨਹਿਰ ਦੇ ਪੁਲ 'ਤੇ ਪੁੱਜੇ ਤਾਂ ਇਕ ਵਿਅਕਤੀ ਜੋ ਹੈਰੋਇਨ ਪੀਂਦਾ ਹੋਇਆ ਨਜ਼ਰ ਆਇਆ। ਜਿਸ ਨੂੰ 1.55 ਗ੍ਰਾਮ ਹੈਰੋਇਨ, ਇਕ ਸਿਲਵਰ ਪੰਨੀ ਅਤੇ 20 ਰੁਪਏ ਦੇ ਨੋਟ ਸਮੇਤ ਗ਼ਿਰਫ਼ਤਾਰ ਕਰ ਲਿਆ। ਦੋਸ਼ੀ ਦੀ ਪਛਾਣ ਮਲਕੀਤ ਸਿੰਘ ਪੁੱਤਰ ਗੁਰਬਖ਼ਸ਼ ਸਿਘ ਵਾਸੀ ਬਸਤੀ ਕੇਸਰ ਸਿੰਘ ਵਾਲੀ ਵਜੋਂ ਹੋਈ ਹੈ। ਦੋਸ਼ੀ ਖ਼ਿਲਾਫ਼ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਹਾਦਸੇ 'ਚ ਜ਼ਖਮੀ ਹੋਈ ਔਰਤ ਅਤੇ ਨੁਕਸਾਨੀ ਗਈ ਕਾਰ। ਤਸਵੀਰਾਂ- ਰਾਜਿੰਦਰ ਸਿੰਘ ਹਾਂਡਾ

ਮੁੱਖ ਮਾਰਗ ਤੋਂ ਸੰਤੁਲਨ ਗਵਾ ਕੇ ਕਾਰ ਖੋਖੇ 'ਚ ਵੱਜੀ, ਔਰਤ ਗੰਭੀਰ ਜ਼ਖ਼ਮੀ

ਮਮਦੋਟ, 8 ਦਸੰਬਰ (ਪੱਤਰ ਪ੍ਰੇਰਕ)- ਫ਼ਿਰੋਜ਼ਪੁਰ ਫ਼ਾਜ਼ਿਲਕਾ ਮਾਰਗ 'ਤੇ ਜਾਂਦੀ ਇਕ ਕਾਰ ਆਪਣਾ ਸੰਤੁਲਨ ਗਵਾ ਕੇ ਲੱਖੋਂ ਕੇ ਬਹਿਰਾਮ ਵਿਖੇ ਛੱਪੜ 'ਚੋਂ ਹੁੰਦੀ ਹੋਈ ਅੱਗੇ ਜਾ ਕੇ ਖੋਖੇ ਢਾਰੇ ਵਿਚ ਜਾ ਵੱਜੀ। ਜਿਸ ਕਾਰਨ ਖੋਖੇ ਵਿਚ ਚਾਹ ਬਣਾ ਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਨ ਵਾਲੀ 60 ਸਾਲਾ ਔਰਤ ਬਲਵੀਰ ਕੌਰ ਪਤਨੀ ਕਰਮ ਸਿੰਘ ਵਾਸੀ ਲੱਖੋਂ ਕੇ ਬਹਿਰਾਮ ਗੰਭੀਰ ਜ਼ਖਮੀ ਹੋ ਗਈ। ਜਿਸ ਨੂੰ ਐਂਬੂਲੈਂਸ ਰਾਹੀ ਇਲਾਜ ਲਈ ਸਿਵਲ ਹਸਪਤਾਲ ਫ਼ਿਰੋਜ਼ਪੁਰ ਲਿਜਾਇਆ ਗਿਆ। ਪ੍ਰਤੱਖਦਰਸ਼ੀਆਂ ਮੁਤਾਬਿਕ ਤੇਜ਼ ਰਫ਼ਤਾਰ ਕਾਰ ਸੜਕ ਤੋਂ ਉੱਤਰ ਕੇ ਉਛਲਦੀ ਹੋਈ ਛੱਪੜ ਨੂੰ ਪਾਰ ਕਰਕੇ ਅੱਗੇ ਜਾ ਕੇ ਚਾਹ ਵਾਲੇ ਖੋਖੇ ਅਤੇ ਬਿਜਲੀ ਦੇ ਮੀਟਰਾਂ ਵਾਲੇ ਬਕਸੇ ਨਾਲ ਜਾ ਟਕਰਾਈ। ਇਸ ਬੇਕਾਬੂ ਕਾਰ ਨੇ ਅੱਗੇ ਮੋਟਰ ਸਾਈਕਲ ਮੁਰੰਮਤ ਦੀ ਦੁਕਾਨ 'ਤੇ ਖੜੇ ਤਿੰਨ ਮੋਟਰਸਾਈਕਲ ਵੀ ਤੋੜਭੰਨ ਦਿੱਤੇ। ਇਸ ਹਾਦਸੇ ਵਿਚ ਕਾਰ ਵੀ ਬੁਰੀ ਤਰ੍ਹਾਂ ਨੁਕਸਾਨੀ ਗਈ। ਪਰੰਤੂ ਕਾਰ ਚਾਲਕ ਦਾ ਬਚਾਅ ਹੋਣ ਕਾਰਨ ਕਾਰ ਚਾਲਕ ਮੌਕੇ ਤੋਂ ਖਿਸਕ ਗਿਆ। ਉੱਧਰ ਹਾਦਸੇ ਦਾ ਪਤਾ ਚੱਲਦਿਆਂ ਥਾਣਾ ਲੱਖੋਂ ਕੇ ਬਹਿਰਾਮ ਤੋਂ ਪੁਲਿਸ ਪਾਰਟੀ ਵੀ ਮੌਕੇ 'ਤੇ ਪਹੁੰਚੀ ਹੋਈ ਸੀ, ਜਿਨ੍ਹਾਂ ਵਲੋਂ ਕਾਰਵਾਈ ਜਾਰੀ ਸੀ।

ਗੁਰਦੁਆਰਾ ਸ੍ਰੀ ਜ਼ਾਮਨੀ ਸਾਹਿਬ ਬਜੀਦਪੁਰ ਵਿਖੇ ਬਰਤਨਾਂ ਅਤੇ ਝਾੜੂ ਦੀ ਸੇਵਾ ਕਰਨ ਮੌਕੇ ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ ਅਤੇ ਹੋਰ ਅਕਾਲੀ ਆਗੂ। ਤਸਵੀਰਾਂ-ਸੁਖਜਿੰਦਰ ਸਿੰਘ ਸੰਧੂ

ਸਾਬਕਾ ਕੈਬਨਿਟ ਮੰਤਰੀ ਵਲੋਂ ਆਖ਼ਰੀ ਦਿਨ ਗੁਰਦੁਆਰਾ ਸਾਹਿਬ 'ਚ ਕੀਤੀ ਸੇਵਾ

ਕੁਲਗੜ੍ਹੀ, 8 ਦਸੰਬਰ (ਸੁਖਜਿੰਦਰ ਸਿੰਘ ਸੰਧੂ)-ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਲਗਾਈ ਗਈ ਸੇਵਾ ਨੂੰ ਜਾਰੀ ਰੱਖਦਿਆਂ ਹੋਏ ਪੰਜਵੇਂ ਅਤੇ ਆਖ਼ਰੀ ਦਿਨ ਜਨਮੇਜਾ ਸਿੰਘ ਸੇਖੋਂ ਸਾਬਕਾ ਕੈਬਿਨਟ ਮੰਤਰੀ ਪੰਜਾਬ ਵਲੋਂ ਗੁਰਦੁਆਰਾ ਸ੍ਰੀ ਜ਼ਾਮਨੀ ਸਾਹਿਬ ਬਜੀਦਪੁਰ ਵਿਖੇ ਝਾੜੂ ਨਾਲ ਸਫ਼ਾਈ ਕਰਨ, ਬਰਤਨ ਸਾਫ਼ ਕਰਨ ਅਤੇ ਜੋੜੇ ਸਾਹਿਬ ਦੀ ਸੇਵਾ ਬੜੀ ਨਿਮਰਤਾ ਨਾਲ ਨਿਭਾਈ। ਇਸ ਤੋਂ ਇਲਾਵਾ ਗੁਰੂ ਸਾਹਿਬ ਦੀ ਹਾਜ਼ਰੀ 'ਚ ਗੁਰਬਾਣੀ ਅਤੇ ਕੀਰਤਨ ਸਰਵਣ ਵੀ ਕੀਤਾ। ਇਸ ਮੌਕੇ ਉਨ੍ਹਾਂ ਨਾਲ ਜਥੇਦਾਰ ਪ੍ਰੀਤਮ ਸਿੰਘ ਮਲਸੀਆ ਮੈਂਬਰ ਸ਼੍ਰੋਮਣੀ ਕਮੇਟੀ, ਜਥੇਦਾਰ ਦਰਸ਼ਨ ਸਿੰਘ ਮੋਠਾਂਵਾਲਾ ਮੈਂਬਰ ਐਸ.ਜੀ.ਪੀ.ਸੀ., ਜਥੇਦਾਰ ਬਲਜਿੰਦਰ ਸਿੰਘ, ਗੁਰਨੈਬ ਸਿੰਘ ਪੱਲਾ ਚੇਅਰਮੈਨ, ਸੰਦੀਪ ਜੁਨੇਜਾ ਸਾਬਕਾ ਚੇਅਰਮੈਨ, ਜੁਗਰਾਜ ਸਿੰਘ ਐਮ.ਸੀ., ਸਬਜਿੰਦਰ ਸਿੰਘ ਯੂਥ ਆਗੂ ਫ਼ਿਰੋਜ਼ਪੁਰ, ਤਾਰਾ ਸਿੰਘ ਸਾਬਕਾ ਸਰਪੰਚ ਵਾੜਾ ਜੈਦ, ਜੰਗਾ ਸਿੰਘ ਮੈਂਬਰ, ਕੁਲਵੰਤ ਸਿੰਘ ਪ੍ਰਧਾਨ ਵਾੜਾ ਜੈਦ, ਮਾਸਟਰ ਗੁਰਨਾਮ ਸਿੰਘ ਮਿਸ਼ਰੀ ਵਾਲਾ, ਗੁਰਮੀਤ ਸਿੰਘ ਬਰਾੜ ਸਾਬਕਾ ਪ੍ਰਧਾਨ ਨਗਰ ਪੰਚਾਇਤ ਮੁੱਦਕੀ, ਜਗਸੀਰ ਸਿੰਘ ਸੀ.ਓ. ਮੁੱਦਕੀ, ਗੋਲਡੀ ਵਿਰਕਾਂ ਵਾਲੀ, ਤਾਰਾ ਸਿੰਘ ਬਾਬਾ ਲੋਹਾਮ, ਬਲਬੀਰ ਸਿੰਘ ਸਾਬਕਾ ਸਰਪੰਚ ਮੋਹਕਮ ਖਾਂ ਵਾਲਾ, ਦਰਸ਼ਨ ਸਿੰਘ ਸਾਬਕਾ ਸਰਪੰਚ ਬੱਧਣੀ ਜੈਮਲ ਸਿੰਘ, ਜਸਪਾਲ ਸਿੰਘ ਭਾਂਗਰ ਐਮ.ਡੀ., ਬੱਚਿਤਰ ਸਿੰਘ ਮੋਰ ਰੁਕਨਾ ਬੇਗੂ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਫ਼ਿਰੋਜ਼ਪੁਰ ਕੈਂਟ, ਬਲਵਿੰਦਰ ਸਿੰਘ ਬਸਤੀ ਰਾਮ ਲਾਲ, ਟਹਿਲ ਸਿੰਘ ਸਾਬਕਾ ਸਰਪੰਚ ਬਜੀਦਪੁਰ, ਮੇਵਾ ਸਿੰਘ ਬਜੀਦਪੁਰ, ਸੁਖਜੀਤ ਸਿੰਘ ਛਿੰਦਾ ਪੱਲਾ, ਜਸਵਿੰਦਰ ਸਿੰਘ ਬੂਟੇ ਵਾਲਾ, ਲਖਵੀਰ ਸਿੰਘ ਸਰਕਲ ਪ੍ਰਧਾਨ ਬਸਤੀ ਰਾਮ ਲਾਲ, ਗੋਸ਼ੀ ਭੰਬਾ ਲੰਡਾ, ਬਲਬੀਰ ਸਿੰਘ ਸਾਬਕਾ ਸਰਪੰਚ ਚੱਕ ਭੰਗੇ ਵਾਲਾ, ਦਰਬਾਰਾ ਸਿੰਘ ਸਾਬਕਾ ਸਰਪੰਚ ਚੱਕ ਭੰਗੇ ਵਾਲਾ, ਅਵਤਾਰ ਸਿੰਘ ਸਾਬਕਾ ਸਰਪੰਚ ਲੋਧਰਾ, ਪ੍ਰਤਾਪ ਸਿੰਘ ਸਾਬਕਾ ਸਰਪੰਚ ਲੱਖੋਂ ਕੇ ਬਹਿਰਾਮ, ਤਲਵਿੰਦਰ ਸਿੰਘ ਚੱਕ ਭੁੰਜੇ ਵਾਲਾ ਆਦਿ ਹਾਜ਼ਰ ਸਨ।

ਬਾਦਲ 'ਤੇ ਹਮਲੇ ਪਿੱਛੇ ਆਪ ਸਰਕਾਰ ਦਾ ਹੱਥ-ਬੱਬੂ

ਸੁਰਿੰਦਰ ਸਿੰਘ ਬੱਬੂ

ਫ਼ਿਰੋਜ਼ਪੁਰ, 8 ਦਸੰਬਰ (ਸੁਖਵਿੰਦਰ ਸਿੰਘ)- ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਹੋਏ ਜਾਨਲੇਵਾ ਹਮਲੇ ਦੀ ਸ਼੍ਰੋਮਣੀ ਅਕਾਲੀ ਦਲ ਦੇ ਹਰੇਕ ਵਰਗ ਵਲੋਂ ਅਤੇ ਚਾਰ ਚੁਫੇਰਿਓਂ ਨਿਖੇਧੀ ਕੀਤੀ ਜਾ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੁਰਿੰਦਰ ਸਿੰਘ ਬੱਬੂ ਕੌਰ ਕਮੇਟੀ ਮੈਂਬਰ ਯੂਥ ਅਕਾਲੀ ਦਲ ਪੰਜਾਬ ਨੇ ਕਰਦਿਆਂ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਸਰਕਾਰ 'ਤੇ ਗੰਭੀਰ ਦੋਸ਼ ਲਗਾਉਂਦੇ ਹੋਏ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤ